# UNIVERSITY GRANTS COMMISSION
# NET BUREAU

Subject: **PUNJABI** Code No.: 24

## SYLLABUS

ਇਸ ਸਿਲੇਬਸ ਵਿਚ ਉਹ ਵਿਸ਼ੇ ਲਏ ਗਏ ਹਨ ਜਿਹੜੇ ਵੱਖ-ਵੱਖ ਯੂਨੀਵਰਸਿਟੀਆਂ ਵਿਚ ਪੰਜਾਬੀ ਡਿਗਰੀ ਕੋਰਸਾਂ ਵਿਚ ਜੋ ਲਾਜ਼ਮੀ ਜਾਂ ਅਖ਼ਤਿਆਰੀ ਤੌਰ 'ਤੇ ਨਿਰਧਾਰਤ ਹਨ ਅਤੇ ਜੋ ਪੜ੍ਹਾਏ ਵੀ ਜਾ ਰਹੇ ਹਨ। ਇਹ ਪੇਪਰ ਯੂ.ਜੀ.ਸੀ. ਦੀਆਂ ਨਵੀਆਂ ਹਿਦਾਇਤਾਂ ਅਨੁਸਾਰ ਦੱਸ ਯੂਨਿਟਾਂ ਵਿਚ ਵੰਡਿਆ ਗਿਆ ਹੈ।

## SYLLABUS

### Unit - I ਸਾਹਿਤ, ਸਾਹਿਤ ਰੂਪ, ਸਾਹਿਤ ਸ਼ਾਸਤਰੀ ਪਰੰਪਰਾ ਅਤੇ ਸਾਹਿਤ ਇਤਿਹਾਸਕਾਰੀ

- **ਸਾਹਿਤ** : ਪਰਿਭਾਸ਼ਾ, ਸਰੂਪ ਤੇ ਤੱਤ।
- ਸਾਹਿਤ ਦਾ ਹੋਰ ਅਨੁਸ਼ਾਸਨਾਂ ਨਾਲ ਸਬੰਧ (ਭਾਸ਼ਾ, ਸਮਾਜ, ਇਤਿਹਾਸ, ਮਨੋਵਿਗਿਆਨ, ਸਭਿਆਚਾਰ, ਧਰਮ, ਦਰਸ਼ਨ ਅਤੇ ਰਾਜਨੀਤੀ)।
- ਸਾਹਿਤ ਪ੍ਰਗਟਾਅ ਦੀ ਵਿਧੀਆਂ : ਪ੍ਰਗੀਤਕ, ਬਿਰਤਾਂਤਕ ਅਤੇ ਨਾਟਕੀ।
- ਸਾਹਿਤ, ਸਾਹਿਤ ਵਿਗਿਆਨ ਅਤੇ ਸਾਹਿਤ ਇਤਿਹਾਸ ਦਾ ਅੰਤਰ-ਨਿਖੇੜ।
- **ਸਾਹਿਤ ਦੇ ਰੂਪ** :
  - ਮੱਧਕਾਲੀ ਰੂਪ : ਸ਼ਬਦ, ਸਲੋਕ, ਕਾਫ਼ੀ, ਬਾਰ੍ਹਾਮਾਹ, ਸੀਹਰਫ਼ੀ, ਕਿੱਸਾ, ਵਾਰ, ਜੰਗਨਾਮਾ, ਜਨਮਸਾਖੀ, ਟੀਕਾ ਅਤੇ ਪਰਚੀਆਂ।
  - ਆਧੁਨਿਕ ਰੂਪ : ਗੀਤ, ਨਜ਼ਮ, ਗ਼ਜ਼ਲ, ਰੁਬਾਈ, ਹਾਇਕੂ, ਨਾਵਲ, ਨਿੱਕੀ ਕਹਾਣੀ, ਨਾਟਕ ਅਤੇ ਇਕਾਂਗੀ, ਨਿਬੰਧ, ਸਫ਼ਰਨਾਮਾ, ਡਾਇਰੀ, ਜੀਵਨੀ, ਸਵੈ-ਜੀਵਨੀ ਅਤੇ ਰੇਖਾ ਚਿੱਤਰ।
- **ਯੂਨਾਨੀ ਕਾਵਿ ਸ਼ਾਸਤਰ** : ਸੁਕਰਾਤ, ਪਲੈਟੋ, ਅਰਸਤੂ, ਲੌਨਜਾਈਨਸ।
- **ਭਾਰਤੀ ਕਾਵਿ ਸ਼ਾਸਤਰ** :
  - ਕਾਵਿ ਦੇ ਭੇਦ : ਸ਼੍ਰਵ ਅਤੇ ਦ੍ਰਿਸ਼।
  - ਰਸ ਸੰਪ੍ਰਦਾਇ, ਧੁਨੀ ਸੰਪ੍ਰਦਾਇ, ਅਲੰਕਾਰ ਸੰਪ੍ਰਦਾਇ, ਵਕ੍ਰੋਕਤੀ ਸੰਪ੍ਰਦਾਇ, ਰੀਤੀ ਸੰਪ੍ਰਦਾਇ, ਔਚਿਤੈ ਸੰਪ੍ਰਦਾਇ।
- **ਪੱਛਮੀ ਸਾਹਿਤ ਚਿੰਤਨ** : ਰੂਪਵਾਦ, ਮਾਰਕਸਵਾਦ, ਸੰਰਚਨਾਵਾਦ, ਮਨੋਵਿਗਿਆਨ, ਚਿਹਨ ਵਿਗਿਆਨ, ਵਿਰਚਨਾ ਸਾਹਿਤ ਸਿਧਾਂਤ, ਨਾਰੀ ਚਿੰਤਨ, ਦਲਿਤ ਚਿੰਤਨ ਅਤੇ ਉੱਤਰ ਆਧੁਨਿਕ ਸਾਹਿਤ ਸਿਧਾਂਤ।
- **ਪੰਜਾਬੀ ਸਾਹਿਤ ਚਿੰਤਕ** : ਸੰਤ ਸਿੰਘ ਸੇਖੋਂ, ਕਿਸ਼ਨ ਸਿੰਘ, ਹਰਿਭਜਨ ਸਿੰਘ, ਨਜ਼ਮ ਹੁਸੈਨ ਸੱਯਦ, ਤਰਲੋਕ ਸਿੰਘ ਕੰਵਰ ਅਤੇ ਹਰਿਭਜਨ ਸਿੰਘ ਭਾਟੀਆ।
- ਸਾਹਿਤ ਦੀ ਇਤਿਹਾਸਕਾਰੀ : ਸੰਕਲਪ ਅਤੇ ਸਰੂਪ
- ਸਾਹਿਤ ਇਤਿਹਾਸ ਅਤੇ ਸਾਹਿਤ ਸਮੀਖਿਆ : ਅੰਤਰ ਨਿਖੇੜ
- ਸਾਹਿਤ ਇਤਿਹਾਸ ਅਤੇ ਇਤਿਹਾਸ ਸ਼ਾਸਤਰ ਦਾ ਅੰਤਰ ਨਿਖੇੜ
- ਸਾਹਿਤ ਇਤਿਹਾਸਕਾਰੀ ਦੌਰਾਨ ਸਾਹਿਤਕ ਤੱਥਾਂ ਦੇ ਨਿਰਣੈ ਦੀਆਂ ਸਮੱਸਿਆਵਾਂ
- ਸੰਯੁਕਤ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ : ਕਾਲ ਵੰਡ ਅਤੇ ਵਰਗੀਕਰਨ ਦੀਆਂ ਸਮੱਸਿਆਵਾਂ
- ਪੰਜਾਬੀ ਸਾਹਿਤ ਇਤਿਹਾਸ ਲਿਖਤਾਂ ਦਾ ਮੈਟਾ ਅਧਿਐਨ।

### Unit - II ਪੰਜਾਬੀ ਸੂਫ਼ੀ ਕਾਵਿ ਧਾਰਾ ਅਤੇ ਗੁਰਮਤਿ ਕਾਵਿ ਧਾਰਾ

- ਪੰਜਾਬੀ ਸੂਫ਼ੀ ਕਾਵਿ ਧਾਰਾ : ਆਰੰਭ, ਵਿਕਾਸ ਪੜਾਅ ਤੇ ਵਿਸ਼ੇਸ਼ਤਾਵਾਂ
- ਪ੍ਰਮੁੱਖ ਪੰਜਾਬੀ ਸੂਫ਼ੀ ਕਵੀ : ਬਾਬਾ ਫ਼ਰੀਦ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ ਅਤੇ ਵਜ਼ੀਦ।
- ਪੰਜਾਬੀ ਸੂਫ਼ੀ ਕਾਵਿ ਸੰਬੰਧੀ ਪ੍ਰਾਪਤ ਆਲੋਚਨਾ ਦਾ ਮੈਟਾ ਅਧਿਐਨ
- ਗੁਰਮਤਿ ਕਾਵਿ ਧਾਰਾ : ਆਰੰਭ, ਵਿਕਾਸ ਪੜਾਅ ਤੇ ਵਿਸ਼ੇਸ਼ਤਾਵਾਂ
- ਸ੍ਰੀ ਗੁਰੂ ਗ੍ਰੰਥ ਸਾਹਿਬ : ਸੰਪਾਦਨ-ਕਲਾ ਅਤੇ ਸਾਹਿਤਕ ਵਿਸ਼ੇਸ਼ਤਾਵਾਂ
- ਪ੍ਰਮੁੱਖ ਗੁਰੂ ਕਵੀ : ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ।
- ਪ੍ਰਮੁੱਖ ਭਗਤ ਕਵੀ : ਰਵੀਦਾਸ, ਨਾਮਦੇਵ ਅਤੇ ਕਬੀਰ।
- ਵਾਰਾਂ ਭਾਈ ਗੁਰਦਾਸ।
- ਗੁਰਮਤਿ ਕਾਵਿ ਧਾਰਾ ਸੰਬੰਧੀ ਪ੍ਰਾਪਤ ਸਮੀਖਿਆ ਦਾ ਮੈਟਾ ਅਧਿਐਨ।

## Unit -III ਪੰਜਾਬੀ ਕਿੱਸਾ ਕਾਵਿ ਅਤੇ ਬੀਰ ਵਾਰ ਕਾਵਿ ਧਾਰਾ

- ਪੰਜਾਬੀ ਕਿੱਸਾ ਕਾਵਿ ਧਾਰਾ : ਆਰੰਭ, ਵਿਕਾਸ ਪੜਾਅ ਤੇ ਵਿਸ਼ੇਸ਼ਤਾਵਾਂ।
- ਪ੍ਰਮੁੱਖ ਕਿੱਸਾਕਾਰ : ਦਮੋਦਰ, ਪੀਲੂ, ਵਾਰਿਸ, ਹਾਸ਼ਮ ਤੇ ਕਾਦਰਯਾਰ।
- ਪੰਜਾਬੀ ਬੀਰ ਵਾਰ ਕਾਵਿ ਅਤੇ ਜੰਗਨਾਮਾ ਕਾਵਿ ਧਾਰਾ : ਆਰੰਭ ਵਿਕਾਸ ਪੜਾਅ ਤੇ ਵਿਸ਼ੇਸ਼ਤਾਵਾਂ।
- ਪ੍ਰਮੁੱਖ ਵਾਰਕਾਰ : ਗੁਰੂ ਗੋਬਿੰਦ ਸਿੰਘ, ਨਜਾਬਤ ਅਤੇ ਪੀਰ ਮੁਹੰਮਦ।
- ਪ੍ਰਮੁੱਖ ਜੰਗਨਾਮਾਕਾਰ : ਸ਼ਾਹ ਮੁਹੰਮਦ, ਮਟਕ।
- ਪੰਜਾਬੀ ਕਿੱਸਾ ਕਾਵਿ , ਬੀਰ ਵਾਰ ਕਾਵਿ ਅਤੇ ਜੰਗਨਾਮਾ ਕਾਵਿ ਸੰਬੰਧੀ ਪ੍ਰਾਪਤ ਆਲੋਚਨਾ ਦਾ ਮੈਟਾ ਅਧਿਐਨ।

## Unit -IV ਪੰਜਾਬੀ ਵਾਰਤਕ

- ਮੱਧਕਾਲੀ ਪੰਜਾਬੀ ਵਾਰਤਕ : ਆਰੰਭ, ਵਿਕਾਸ ਪੜਾਅ ਤੇ ਵਿਸ਼ੇਸ਼ਤਾਵਾਂ (ਜਨਮਸਾਖੀ ਪਰੰਪਰਾ : ਪੁਰਾਤਨ ਜਨਮਸਾਖੀ, ਆਦਿ ਸਾਖੀਆਂ, ਸ਼ੰਭੂ ਨਾਥ ਵਾਲੀ ਜਨਮਸਾਖੀ, ਮਿਹਰਬਾਨ ਵਾਲੀ ਜਨਮਸਾਖੀ, ਜਨਮਸਾਖੀ ਭਾਈ ਬਾਲਾ; ਗਿਆਨ ਰਤਨਾਵਲੀ, ਗੁਰ ਬਿਲਾਸ, ਗੋਸ਼ਟਾਂ, ਪਰਚੀਆਂ, ਰਹਿਤਨਾਮੇ ਅਤੇ ਟੀਕੇ ਦੇ ਸੰਦਰਭ ਵਿਚ)
- ਆਧੁਨਿਕ ਪੰਜਾਬੀ ਵਾਰਤਕ : ਆਰੰਭ, ਵਿਕਾਸ ਪੜਾਅ ਤੇ ਵਿਸ਼ੇਸ਼ਤਾਵਾਂ।
- ਸਮਕਾਲੀ ਪੰਜਾਬੀ ਵਾਰਤਕ ਵਿਚ ਨਵੇਂ ਝੁਕਾਅ
- ਪਰਵਾਸੀ ਪੰਜਾਬੀ ਵਾਰਤਕ ਦਾ ਸਰਵੇਖਣ
- ਪਾਕਿਸਤਾਨੀ ਪੰਜਾਬੀ ਵਾਰਤਕ ਦਾ ਸਰਵੇਖਣ
- ਪ੍ਰਮੁੱਖ ਵਾਰਤਕਕਾਰ : ਭਾਈ ਵੀਰ ਸਿੰਘ, ਪੂਰਨ ਸਿੰਘ, ਸਾਹਿਬ ਸਿੰਘ, ਤੇਜਾ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਬਲਰਾਜ ਸਾਹਨੀ, ਬਲਵੰਤ ਗਾਰਗੀ, ਕੁਲਬੀਰ ਸਿੰਘ ਕਾਂਗ ਅਤੇ ਨਰਿੰਦਰ ਸਿੰਘ ਕਪੂਰ।
- ਮੱਧਕਾਲੀ ਪੰਜਾਬੀ ਵਾਰਤਕ ਸੰਬੰਧੀ ਪ੍ਰਾਪਤ ਆਲੋਚਨਾ ਦਾ ਮੈਟਾ ਅਧਿਐਨ।
- ਆਧੁਨਿਕ ਪੰਜਾਬੀ ਵਾਰਤਕ ਸੰਬੰਧੀ ਪ੍ਰਾਪਤ ਆਲੋਚਨਾ ਦਾ ਮੈਟਾ ਅਧਿਐਨ।

## Unit -V ਆਧੁਨਿਕ ਪੰਜਾਬੀ ਕਵਿਤਾ

- ਆਧੁਨਿਕ ਪੰਜਾਬੀ ਕਵਿਤਾ : ਆਰੰਭ, ਵਿਕਾਸ ਪੜਾਅ ਤੇ ਵਿਸ਼ੇਸ਼ਤਾਵਾਂ।
- ਆਧੁਨਿਕ ਪੰਜਾਬੀ ਕਵਿਤਾ ਵਿਚ ਪ੍ਰਮੁੱਖ ਰੁਝਾਨ (ਆਦਰਸ਼ਵਾਦੀ, ਯਥਾਰਥਵਾਦੀ, ਪ੍ਰਗਤੀਵਾਦੀ, ਪ੍ਰਯੋਗਸ਼ੀਲ, ਜੁਝਾਰਵਾਦੀ, ਨਾਰੀ-ਦ੍ਰਿਸ਼ਟੀ ਅਤੇ ਦਲਿਤ-ਦ੍ਰਿਸ਼ਟੀ ਦੇ ਸੰਦਰਭ ਵਿਚ)
- ਸਮਕਾਲੀ ਪੰਜਾਬੀ ਕਵਿਤਾ ਵਿਚ ਨਵੇਂ ਝੁਕਾਅ
- ਪਰਵਾਸੀ ਪੰਜਾਬੀ ਕਵਿਤਾ ਦਾ ਸਰਵੇਖਣ
- ਪਾਕਿਸਤਾਨੀ ਪੰਜਾਬੀ ਕਵਿਤਾ ਦਾ ਸਰਵੇਖਣ
- ਪ੍ਰਮੁੱਖ ਪੰਜਾਬੀ ਕਵੀ : ਭਾਈ ਵੀਰ ਸਿੰਘ, ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਹਰਿਭਜਨ ਸਿੰਘ, ਜਸਵੰਤ ਸਿੰਘ ਨੇਕੀ, ਸ਼ਿਵ ਕੁਮਾਰ, ਪਾਸ਼, ਸੁਰਜੀਤ ਪਾਤਰ ਅਤੇ ਜਸਵੰਤ ਦੀਦ।
- ਆਧੁਨਿਕ ਪੰਜਾਬੀ ਕਵਿਤਾ ਸੰਬੰਧੀ ਪ੍ਰਾਪਤ ਆਲੋਚਨਾ ਦਾ ਮੈਟਾ ਅਧਿਐਨ।

## Unit -VI ਆਧੁਨਿਕ ਪੰਜਾਬੀ ਗਲਪ

- ਪੰਜਾਬੀ ਨਾਵਲ : ਆਰੰਭ, ਵਿਕਾਸ ਪੜਾਅ ਤੇ ਵਿਸ਼ੇਸ਼ਤਾਵਾਂ।
- ਪੰਜਾਬੀ ਨਾਵਲ ਵਿਚ ਪ੍ਰਮੁੱਖ ਰੁਝਾਨ ( ਆਦਰਸ਼ਵਾਦੀ, ਯਥਾਰਥਵਾਦੀ, ਪ੍ਰਗਤੀਵਾਦੀ, ਇਤਿਹਾਸਕ, ਮਨੋਵਿਗਿਆਨਕ, ਨਾਰੀ-ਦ੍ਰਿਸ਼ਟੀ ਅਤੇ ਦਲਿਤ ਦ੍ਰਿਸ਼ਟੀ ਦੇ ਸੰਦਰਭ ਵਿਚ)
- ਸਮਕਾਲੀ ਪੰਜਾਬੀ ਨਾਵਲ ਵਿਚ ਨਵੇਂ ਝੁਕਾਅ
- ਪਰਵਾਸੀ ਪੰਜਾਬੀ ਨਾਵਲ ਦਾ ਸਰਵੇਖਣ
- ਪਾਕਿਸਤਾਨੀ ਪੰਜਾਬੀ ਨਾਵਲ ਦਾ ਸਰਵੇਖਣ

- ਪ੍ਰਮੁੱਖ ਪੰਜਾਬੀ ਨਾਵਲਕਾਰ : ਨਾਨਕ ਸਿੰਘ, ਜਸਵੰਤ ਸਿੰਘ ਕੰਵਲ, ਗੁਰਦਿਆਲ ਸਿੰਘ, ਦਲੀਪ ਕੌਰ ਟਿਵਾਣਾ, ਰਾਮ ਸਰੂਪ ਅਣਖੀ, ਬਲਦੇਵ ਸਿੰਘ ਅਤੇ ਮਨਮੋਹਨ ਬਾਵਾ।
- ਆਧੁਨਿਕ ਪੰਜਾਬੀ ਕਹਾਣੀ : ਆਰੰਭ, ਵਿਕਾਸ ਪੜਾਅ ਤੇ ਵਿਸ਼ੇਸ਼ਤਾਵਾਂ।
- ਆਧੁਨਿਕ ਪੰਜਾਬੀ ਕਹਾਣੀ ਵਿਚ ਪ੍ਰਮੁੱਖ ਰੁਝਾਨ (ਆਦਰਸ਼ਵਾਦੀ, ਯਥਾਰਥਵਾਦੀ, ਦੇਸ਼-ਵੰਡ ਨਾਲ ਸਬੰਧਤ, ਪ੍ਰਗਤੀਵਾਦੀ, ਮਨੋਵਿਗਿਆਨਕ, ਨਾਰੀ ਦ੍ਰਿਸ਼ਟੀ ਅਤੇ ਦਲਿਤ ਦ੍ਰਿਸ਼ਟੀ ਦੇ ਸੰਦਰਭ ਵਿਚ)
- ਸਮਕਾਲੀ ਪੰਜਾਬੀ ਕਹਾਣੀ ਵਿਚ ਨਵੇਂ ਝੁਕਾਅ
- ਪਰਵਾਸੀ ਪੰਜਾਬੀ ਕਹਾਣੀ ਦਾ ਸਰਵੇਖਣ
- ਪਾਕਿਸਤਾਨੀ ਪੰਜਾਬੀ ਕਹਾਣੀ ਦਾ ਸਰਵੇਖਣ
- ਪ੍ਰਮੁੱਖ ਪੰਜਾਬੀ ਕਹਾਣੀਕਾਰ : ਸੁਜਾਨ ਸਿੰਘ, ਕਰਤਾਰ ਸਿੰਘ ਦੁੱਗਲ, ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ, ਅਜੀਤ ਕੌਰ, ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ ਅਤੇ ਲਾਲ ਸਿੰਘ।
- ਪੰਜਾਬੀ ਨਾਵਲ ਸੰਬੰਧੀ ਪ੍ਰਾਪਤ ਆਲੋਚਨਾ ਦਾ ਮੈਟਾ ਅਧਿਐਨ
- ਆਧੁਨਿਕ ਪੰਜਾਬੀ ਕਹਾਣੀ ਸੰਬੰਧੀ ਪ੍ਰਾਪਤ ਆਲੋਚਨਾ ਦਾ ਮੈਟਾ ਅਧਿਐਨ।

## Unit- VII ਪੰਜਾਬੀ ਨਾਟਕ ਅਤੇ ਇਕਾਂਗੀ

- ਪੰਜਾਬੀ ਨਾਟਕ ਅਤੇ ਇਕਾਂਗੀ : ਆਰੰਭ, ਵਿਕਾਸ ਪੜਾਅ ਤੇ ਵਿਸ਼ੇਸ਼ਤਾਵਾਂ।
- ਸਮਕਾਲੀ ਪੰਜਾਬੀ ਨਾਟਕ ਵਿਚ ਪ੍ਰਮੁੱਖ ਰੁਝਾਨ
- ਪਰਵਾਸੀ ਪੰਜਾਬੀ ਨਾਟਕ ਤੇ ਇਕਾਂਗੀ ਦਾ ਸਰਵੇਖਣ
- ਪਾਕਿਸਤਾਨੀ ਪੰਜਾਬੀ ਨਾਟਕ ਤੇ ਇਕਾਂਗੀ ਦਾ ਸਰਵੇਖਣ
- ਪ੍ਰਮੁੱਖ ਪੰਜਾਬੀ ਨਾਟਕਕਾਰ ਤੇ ਇਕਾਂਗੀਕਾਰ : ਈਸ਼ਵਰ ਚੰਦਰ ਨੰਦਾ, ਸੰਤ ਸਿੰਘ ਸੇਖੋਂ, ਹਰਚਰਨ ਸਿੰਘ, ਬਲਵੰਤ ਗਾਰਗੀ, ਸੁਰਜੀਤ ਸਿੰਘ ਸੇਠੀ, ਚਰਨਦਾਸ ਸਿੱਧੂ, ਅਜਮੇਰ ਔਲਖ, ਆਤਮਜੀਤ ਅਤੇ ਸਵਰਾਜ ਬੀਰ।
- ਪੰਜਾਬੀ ਰੰਗਮੰਚ : ਆਰੰਭ, ਵਿਕਾਸ ਪੜਾਅ, ਸਮੱਸਿਆਵਾਂ ਅਤੇ ਭਵਿੱਖ
- ਪੰਜਾਬੀ ਨਾਟਕ ਅਤੇ ਇਕਾਂਗੀ ਸੰਬੰਧੀ ਪ੍ਰਾਪਤ ਆਲੋਚਨਾ ਦਾ ਮੈਟਾ ਅਧਿਐਨ

## Unit -VIII ਲੋਕਧਾਰਾ ਤੇ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਤੇ ਪੰਜਾਬੀ ਸਭਿਆਚਾਰ

- ਲੋਕਧਾਰਾ : ਪਰਿਭਾਸ਼ਾ, ਪ੍ਰਕਿਰਤੀ ਤੇ ਤੱਤ
- ਲੋਕਧਾਰਾ, ਆਧੁਨਿਕਤਾ ਅਤੇ ਸੰਚਾਰ ਮਾਧਿਅਮ
- ਲੋਕ ਸਾਹਿਤ ਅਤੇ ਵਿਸ਼ਿਸ਼ਟ ਸਾਹਿਤ
- ਲੋਕ ਸਾਹਿਤ : ਸੰਕਲਪ ਅਤੇ ਪ੍ਰਮੁੱਖ ਵੰਨਗੀਆਂ
- ਲੋਕਧਾਰਾ ਦੀਆਂ ਵਿਭਿੰਨ ਪ੍ਰਗਟਾਅ ਵਿਧੀਆਂ (ਲੋਕ ਗੀਤ, ਲੋਕ ਕਥਾ, ਲੋਕ ਵਿਸ਼ਵਾਸ, ਰੀਤੀ ਰਿਵਾਜ਼, ਲੋਕ ਨਾਟਕ, ਲੋਕ ਧਰਮ, ਲੋਕ ਕਲਾਵਾਂ ਅਤੇ ਲੋਕ ਨਾਚ)
- ਵਿਸ਼ਵ ਪ੍ਰਸਿੱਧ ਲੋਕਯਾਨ ਸ਼ਾਸਤਰੀਆਂ ਦਾ ਯੋਗਦਾਨ (ਵਿਲੀਅਮ ਥਾਮਸ, ਵੀ. ਪ੍ਰਾਪ ਅਤੇ ਐਲਨ ਡੰਡੀ)।
- ਲੋਕਧਾਰਾ ਵਿਗਿਆਨ : ਪਰਿਭਾਸ਼ਾ, ਪ੍ਰਕਿਰਤੀ ਤੇ ਤੱਤ।
- ਲੋਕਧਾਰਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਸਾਹਿਤ ਦਾ ਅਧਿਐਨ।
- ਪੰਜਾਬੀ ਲੋਕਧਾਰਾਈ ਸਾਮੱਗਰੀ ਦੇ ਵਿਭਿੰਨ ਰੂਪ ਅਤੇ ਵਰਗੀਕਰਨ
- ਪੰਜਾਬੀ ਲੋਕ ਵਿਸ਼ਵਾਸ਼, ਲੋਕ ਸਿਆਣਪਾਂ, ਰੀਤਾਂ-ਰਸਮਾਂ ਅਤੇ ਤਿਉਹਾਰ
- ਪੰਜਾਬੀ ਲੋਕ-ਕਲਾਵਾਂ, ਲੋਕ-ਨਾਚ ਅਤੇ ਲੋਕ-ਸੰਗੀਤ।
- ਪੰਜਾਬੀ ਲੋਕ ਸਾਹਿਤ ਦਾ ਵਰਗੀਕਰਨ : ਲੋਕ ਗੀਤ, ਲੋਕ ਕਥਾਵਾਂ, ਲੋਕ ਨਾਟ।
- ਪੰਜਾਬੀ ਲੋਕ ਧੰਦੇ, ਲੋਕ ਗਹਿਣੇ, ਲੋਕ ਪਹਿਰਾਵਾ ਅਤੇ ਲੋਕ ਖੇਡਾਂ।
- ਪੰਜਾਬੀ ਲੋਕਧਾਰਾ ਸੰਗ੍ਰਹਿ, ਸੰਪਾਦਨ ਅਤੇ ਸਮੀਖਿਆ ਦਾ ਇਤਿਹਾਸ।

- ਪੰਜਾਬੀ ਦੇ ਪ੍ਰਸਿੱਧ ਲੋਕਧਾਰਾ ਵਿਗਿਆਨੀਆਂ ਦਾ ਯੋਗਦਾਨ (ਆਰ.ਸੀ. ਟੈਂਪਲ, ਦਵਿੰਦਰ ਸਤਿਆਰਥੀ, ਸ.ਸ. ਵਣਜਾਰਾ ਬੇਦੀ, ਮਹਿੰਦਰ ਸਿੰਘ ਰੰਧਾਵਾ, ਕਰਨੈਲ ਸਿੰਘ ਥਿੰਦ ਅਤੇ ਨਾਹਰ ਸਿੰਘ)।
- ਪੰਜਾਬੀ ਲੋਕਧਾਰਾ ਅਧਿਐਨ ਸਬੰਧੀ ਪ੍ਰਾਪਤ ਆਲੋਚਨਾ ਦਾ ਮੈਟਾ ਅਧਿਐਨ।
- ਸਭਿਆਚਾਰ : ਪਰਿਭਾਸ਼ਾ, ਸਰੂਪ ਤੇ ਤੱਤ।
- ਸਭਿਆਚਾਰ ਅਤੇ ਸਭਿਅਤਾ ਦਾ ਅੰਤਰ-ਨਿਖੇੜ
- ਸਭਿਆਚਾਰਕ ਰੁਪਾਂਤਰਣ ਪ੍ਰਕ੍ਰਿਆ
- ਸਭਿਆਚਾਰ, ਸਮਾਜ ਅਤੇ ਭਾਸ਼ਾ ਦਾ ਅੰਤਰ-ਸਬੰਧ
- ਸਭਿਆਚਾਰ ਅਧਿਐਨ ਦੀਆਂ ਵਿਭਿੰਨ ਦ੍ਰਿਸ਼ਟੀਆਂ
- ਸਭਿਆਚਾਰ ਦਾ ਭੂਗੋਲ, ਆਰਥਿਕਤਾ, ਧਰਮ ਅਤੇ ਰਾਜਨੀਤੀ ਨਾਲ ਸੰਬੰਧ
- ਲੋਕਧਾਰਾ ਅਤੇ ਸਭਿਆਚਾਰ ਦਾ ਅੰਤਰ-ਨਿਖੇੜ
- ਸਭਿਆਚਾਰ ਵਿਗਿਆਨ : ਪਰਿਭਾਸ਼ਾ, ਸਰੂਪ ਤੇ ਤੱਤ
- ਵਿਸ਼ਵ ਪ੍ਰਸਿੱਧ ਸਭਿਆਚਾਰ ਸ਼ਾਸਤਰੀਆਂ ਦਾ ਯੋਗਦਾਨ (ਰੇਮੰਡ ਵਿਲੀਅਮ, ਫ੍ਰੇਜ਼ਰ ਅਤੇ ਐਡਵਰਡ ਸਈਅਦ)।
- ਪੰਜਾਬ, ਪੰਜਾਬੀ ਅਤੇ ਪੰਜਾਬੀ ਸਭਿਆਚਾਰ
- ਪੰਜਾਬੀ ਸਭਿਆਚਾਰ ਦੇ ਪਛਾਣ ਚਿੰਨ੍ਹ
- ਪੰਜਾਬੀ ਸਭਿਆਚਾਰ ਉੱਪਰ ਭਾਰਤੀ ਤੇ ਸਾਮੀ ਸਭਿਆਚਾਰ ਦਾ ਪ੍ਰਭਾਵ
- ਪੰਜਾਬੀ ਸਭਿਆਚਾਰ ਦਾ ਕੌਮੀ ਪ੍ਰਸੰਗ
- ਪੰਜਾਬੀ ਸਭਿਆਚਾਰ, ਸਿਆਸਤ ਅਤੇ ਸੰਪ੍ਰਦਾਇਕਤਾ
- ਪੰਜਾਬੀ ਸਭਿਆਚਾਰ ਅਤੇ ਸਾਕਾਚਾਰੀ ਪ੍ਰਬੰਧ
- ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਸਭਿਆਚਾਰ ਸਨਮੁਖ ਚੁਣੌਤੀਆਂ
- ਪ੍ਰਸਿੱਧ ਪੰਜਾਬੀ ਸਭਿਆਚਾਰ ਸ਼ਾਸਤਰੀਆਂ ਦਾ ਯੋਗਦਾਨ (ਟੀ.ਆਰ. ਵਿਨੋਦ, ਗੁਰਬਖ਼ਸ਼ ਸਿੰਘ ਫਰੈਂਕ ਅਤੇ ਜਸਵਿੰਦਰ ਸਿੰਘ)।
- ਪੰਜਾਬੀ ਸਭਿਆਚਾਰ ਅਧਿਐਨ ਸਬੰਧੀ ਪ੍ਰਾਪਤ ਆਲੋਚਨਾ ਦਾ ਮੈਟਾ ਅਧਿਐਨ।

Unit -IX **ਭਾਸ਼ਾ, ਭਾਸ਼ਾ ਵਿਗਿਆਨ, ਪੰਜਾਬੀ ਭਾਸ਼ਾ ਵਿਗਿਆਨ ਅਤੇ ਗੁਰਮੁਖੀ ਲਿਪੀ**

- ਭਾਸ਼ਾ : ਪਰਿਭਾਸ਼ਾ, ਸਰੂਪ ਤੇ ਵਿਸ਼ੇਸ਼ਤਾਵਾਂ
- ਭਾਸ਼ਾ, ਸਮਾਜ, ਸਭਿਆਚਾਰ ਅਤੇ ਸਾਹਿਤ ਦਾ ਅੰਤਰ-ਸਬੰਧ।
- ਭਾਸ਼ਾ, ਉਪਭਾਸ਼ਾ ਅਤੇ ਲਿਪੀ ਦਾ ਅੰਤਰ-ਨਿਖੇੜ।
- ਭਾਸ਼ਾ ਅਤੇ ਸੰਚਾਰ ਮਾਧਿਅਮ (ਪ੍ਰਿੰਟ, ਇਲੈਕਟ੍ਰਾਨਿਕ ਅਤੇ ਨਿਊ ਮੀਡੀਆ)।
- ਵਿਸ਼ਵ ਭਾਸ਼ਾ ਪਰਿਵਾਰ
- ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ
- ਭਾਸ਼ਾ ਵਿਗਿਆਨ : ਪਰਿਭਾਸ਼ਾ, ਸਰੂਪ ਤੇ ਖੇਤਰ।
- ਭਾਸ਼ਾ ਵਿਗਿਆਨ ਅਤੇ ਭਾਸ਼ਾ ਸ਼ਾਸਤਰ
- ਸਾਸਿਓਰ ਦੇ ਭਾਸ਼ਾਈ ਸੰਕਲਪ : ਚਿਹਨ : ਚਿਹਨਕ ਤੇ ਚਿਹਨਿਤ, ਲੈਂਗ ਤੇ ਪੈਰੋਲ, ਇਕਾਲਕ ਤੇ ਦੁਕਾਲਕ, ਕੜੀਦਾਰ ਤੇ ਲੜੀਦਾਰ।
- ਨੌਮ ਚੌਮਸਕੀ ਦੇ ਭਾਸ਼ਾਈ ਸੰਕਲਪ : ਯੋਗਤਾ ਤੇ ਨਿਭਾਉ, ਗਹਿਨ ਤੇ ਸਤੱਹੀ ਜੁਗਤ, ਵਾਕਾਂਸ ਉਸਾਰੀ ਨੇਮ, ਰੁਪਾਂਤਰੀ ਨੇਮ, ਧੁਨੀ ਰੂਪਾਤਮਕ ਨੇਮ।
- ਧੁਨੀ ਤੇ ਧੁਨੀ ਵਿਗਿਆਨ : ਸੰਕਲਪ ਤੇ ਵਰਗੀਕਰਨ
- ਭਾਵਾਂਸ/ਰੁਪੀਮ ਤੇ ਭਾਵਾਸ਼/ਰੁਪੀਮ-ਪ੍ਰਬੰਧ : ਸੰਕਲਪ ਤੇ ਵਰਗੀਕਰਨ
- ਵਾਕ ਅਤੇ ਵਾਕ ਵਿਗਿਆਨ : ਸੰਕਲਪ ਤੇ ਵਰਗੀਕਰਨ
- ਅਰਥ ਅਤੇ ਅਰਥ ਵਿਗਿਆਨ : ਸੰਕਲਪ ਤੇ ਵਰਗੀਕਰਨ
- ਪੰਜਾਬੀ ਭਾਸ਼ਾ ਦਾ ਆਰੰਭ, ਵਿਕਾਸ ਤੇ ਵਿਸ਼ੇਸ਼ਤਾਵਾਂ

- ਪੰਜਾਬੀ ਭਾਸ਼ਾ ਉੱਪਰ ਹੋਰ ਭਾਸ਼ਾਵਾਂ ਦੇ ਪ੍ਰਭਾਵ
- ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ
- ਪੰਜਾਬੀ ਦੀਆਂ ਉਪਭਾਸ਼ਾਵਾਂ
- ਪੰਜਾਬੀ ਭਾਸ਼ਾ ਦੇ ਵਿਕਾਸ ਅਦਾਰੇ
- ਪੰਜਾਬੀ ਭਾਵਾਂਸ਼/ਰੂਪੀਮ-ਵਿਗਿਆਨ/ਵਿਉਂਤ
- ਪੰਜਾਬੀ ਵਾਕ-ਵਿਗਿਆਨ/ਵਿਉਂਤ
- ਪੰਜਾਬੀ ਅਰਥ-ਵਿਗਿਆਨ/ਵਿਉਂਤ
- ਗੁਰਮੁਖੀ ਲਿਪੀ ਦਾ ਨਿਕਾਸ, ਵਿਕਾਸ ਤੇ ਵਿਸ਼ੇਸ਼ਤਾਵਾਂ
- ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦਾ ਅੰਤਰ ਸੰਬੰਧ
- ਪ੍ਰਮੁੱਖ ਪੰਜਾਬੀ ਭਾਸ਼ਾ ਵਿਗਿਆਨੀ (ਦੁਨੀ ਚੰਦਰ, ਹਰਕੀਰਤ ਸਿੰਘ, ਪ੍ਰੇਮ ਪ੍ਰਕਾਸ਼ ਸਿੰਘ ਅਤੇ ਪਰਮਜੀਤ ਸਿੰਘ ਸਿੱਧੂ)।

**Unit -X ਫੁਟਕਲ (ਪਰਵਾਸ, ਅਨੁਵਾਦ ਅਤੇ ਖੋਜ ਵਿਗਿਆਨ)**

- ਪਰਵਾਸ : ਪਰਿਭਾਸ਼ਾ, ਸਰੂਪ ਤੇ ਤੱਤ
- ਡਾਇਸਪੋਰਾ ਅਤੇ ਪਰਵਾਸ : ਅੰਤਰ-ਨਿਖੇੜ
- ਪਾਰਰਾਸ਼ਟਰੀਅਤਾ ਅਤੇ ਪਰਵਾਸੀ ਸਾਹਿਤ
- ਬਹੁ ਸਭਿਆਚਾਰਵਾਦ : ਸੰਕਲਪ ਤੇ ਸਰੂਪ
- ਪਰਵਾਸੀ ਸੰਵੇਦਨਾ ਅਤੇ ਪਰਵਾਸੀ ਚੇਤਨਾ : ਅੰਤਰ-ਨਿਖੇੜ
- ਪੰਜਾਬੀ ਪਰਵਾਸ : ਇਤਿਹਾਸ, ਮਸਲੇ ਅਤੇ ਵੰਗਾਰਾਂ।
- ਅਨੁਵਾਦ : ਪਰਿਭਾਸ਼ਾ, ਸਰੂਪ ਤੇ ਤੱਤ
- ਅਨੁਵਾਦ ਦੀਆਂ ਕਿਸਮਾਂ
- ਅਨੁਵਾਦ ਦੀ ਮਹੱਤਤਾ
- ਅਨੁਵਾਦ ਅਤੇ ਮਸ਼ੀਨ ਅਨੁਵਾਦ
- ਕਾਵਿ ਅਨੁਵਾਦ ਦੀਆਂ ਸਮੱਸਿਆਵਾਂ
- ਦੋ-ਭਾਸ਼ੀਆ ਦਾ ਰੋਲ
- ਅਨੁਵਾਦ ਅਤੇ ਮੀਡੀਆ
- ਪੰਜਾਬੀ ਵਿਚ ਅਨੁਵਾਦਤ ਸਾਹਿਤ : ਕੌਮੀ ਅਤੇ ਕੌਮਾਂਤਰੀ।
- ਖੋਜ : ਪਰਿਭਾਸ਼ਾ, ਸਰੂਪ ਤੇ ਤੱਤ
- ਖੋਜ ਵਿਧੀ ਦੇ ਸੰਦ
- ਖੋਜ ਅਤੇ ਆਲੋਚਨਾ : ਅੰਤਰ-ਨਿਖੇੜ
- ਖੋਜ-ਵਿਧੀਆਂ
- ਖੋਜ-ਨਿਬੰਧ ਅਤੇ ਸ਼ੋਧ-ਪ੍ਰਬੰਧ : ਅੰਤਰ-ਨਿਖੇੜ
- ਖੋਜ ਅਤੇ ਇੰਟਰਨੈਟ ਸਾਮੱਗਰੀ
- ਖੋਜ ਅਤੇ ਡਿਜੀਟਲ ਲਾਇਬ੍ਰੇਰੀ
- ਪੰਜਾਬੀ ਖੋਜ ਦੀਆਂ ਪ੍ਰਾਪਤੀਆਂ ਤੇ ਨਵੀਨ ਸੰਭਾਵਨਾਵਾਂ
- ਪੰਜਾਬੀ ਖੋਜ-ਪਰੰਪਰਾ

---